ਤਿਆਰ, ਤੁਹਾਡੇ ਨਾਲ
ਅੱਗੇ ਵਧਣ ਲਈ।

# ਪੇਸ਼ ਕਰ ਰਹੇ ਹਾਂ TD ਅੰਤਰਰਾਸ਼ਟਰੀ ਵਿਦਿਆਰਥੀ GIC ਪ੍ਰੋਗਰਾਮ

ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਉਹਨਾਂ ਦੇ ਦੇਸ਼ ਵਿੱਚ ਰਹਿੰਦੇ ਹੋਏ ਹੀ ਕੈਨੇਡਾ ਦੇ ਸਟੱਡੀ ਪਰਮਿਟ ਦੇ ਦਿਸ਼ਾ ਨਿਰਦੇਸ਼ਾਂ ਨੂੰ ਪੂਰਾ ਕਰਨ ਦੇ ਸਮਰੱਥ ਬਣਾਉਣਾ।





# ਕੈਨਡਾ ਵਿਚ ਤੁਹਾਡੀ ਵਿਤੀ ਯਾਤਰਾ ਇਥੋਂ ਸ਼ੁਰੂ ਹੁਦੀ ਹੈ!

ਅਸੀਂ ਕਿਸੇ ਨਵ ਦੇਸ਼ ਵਿਚ ਰਹਿਣਾ ਸ਼ੁਰੂ ਕਰਨ ਦੀਆਂ ਚਣੌਤੀਆਂ ਨ ਸਮਝਦੇ ਹਾਂ। ਜਦੋਂ ਤਸੀਂ ਕੈਨਡਾ ਵਿਚ ਆਪਣੀ ਨਵੀਂ ਜ਼ਿਦਗੀ ਦੀ ਸ਼ੁਰੂਆਤ ਕਰਦੇ ਹੋ, ਤਾਂ ਅਸੀਂ ਤਹਾਡੀਆਂ ਤਤਕਾਲੀ ਅਤੇ ਭਵਿਖ ਦੀਆਂ ਬੈਂਕਿਗ ਲੜਾਂ ਦਾ ਸਮਰਥਨ ਕਰਨ ਲਈ ਮੌਜੂਦ ਹਾਂ ਅਤੇ **ਕੈਨਡਾ ਵਿਚ 1,085 ਤੋਂ ਵਧ ਬਾਂਚਾਂ ਅਤੇ 3000+ ATM** ਨਾਲ ਤਹਾਨ ਸੇਵਾ ਦੇਣ ਲਈ ਉਤਸਕ ਹਾਂ।

# TD ਅਤਰਰਾਸ਼ਟਰੀ ਵਿਦਿਆਰਥੀ GIC ਪੋਗਰਾਮ ਗਾਈਡ


TD ਅਤਰਰਾਸ਼ਟਰੀ ਵਿਦਿਆਰਥੀ GIC ਪ੍ਰਗਰਾਮ 4

ਪਹਚਣ ਤੋਂ ਪਹਿਲਾਂ ਦੀ ਅਰਜ਼ੀ ਪਕਿਰਿਆ 6

- ਜਦੋਂ ਤਸੀਂ ਕੈਨਡਾ ਪਹਚੋ ਤਾਂ ਸਾਨ ਮਿਲ 9
- GIC ਭਗਤਾਨ ਦਾ ਕਾਰਜਕ੍ਰਮ 10
- ਜੇ ਤਹਾਨ ਦੇਰੀ ਹੋ ਜਾਂਦੀ ਹੈ ਤਾਂ 10
- ਜੇ ਤਸੀਂ TD ਅਤਰਰਾਸ਼ਟਰੀ ਵਿਦਿਆਰਥੀ GIC ਪ੍ਰਗਰਾਮ ਵਿਚ ਆਪਣੀ ਸ਼ਮੂਲੀਅਤ ਨ ਰਦ ਕਰਨਾ ਚਾਹਦੇ ਹੋ ਤਾਂ 11

ਐਪਲੀਕੇਸ਼ਨ ਨ ਪੂਰਾ ਕਰਨਾ - ਮੁਖ ਪੜਾਅ 12

ਅਕਸਰ ਪਛੇ ਜਾਣ ਵਾਲ ਸਵਾਲ 16

# TD ਅੰਤਰਰਾਸ਼ਟਰੀ ਵਿਦਿਆਰਥੀ GIC ਪ੍ਰੋਗਰਾਮ

**TD ਅੰਤਰਰਾਸ਼ਟਰੀ ਵਿਦਿਆਰਥੀ GIC ਪ੍ਰੋਗਰਾਮ** ਦਾ ਮਕਸਦ ਉਹਨਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਹਾਇਤਾ ਕਰਨਾ ਹੈ ਜੋ ਕੈਨੇਡਾ ਸਰਕਾਰ ਦੇ **ਵਿਦਿਆਰਥੀ ਡਾਇਰੈਕਟ ਸਟ੍ਰੀਮ ਪ੍ਰੋਗਰਾਮ** ("SDS ਪ੍ਰੋਗਰਾਮ") ਲਈ ਯੋਗ ਹਨ।

ਅੰਤਰਰਾਸ਼ਟਰੀ ਵਿਦਿਆਰਥੀ, ਜੋ ਕੈਨੇਡਾ ਸਰਕਾਰ ਦੇ ਸਟੱਡੀ ਪਰਮਿਟ ਦੇ ਦਿਸ਼ਾ-ਨਿਰਦੇਸ਼ਾਂ ਨੂੰ ਪੂਰਾ ਕਰਨ ਦੀ ਉਮੀਦ ਕਰ ਰਹੇ ਹਨ, ਉਹ **TD ਸਟੂਡੈਂਟ ਚੈਕਿੰਗ ਅਕਾਉਂਟ** ਖੋਲ੍ਹ ਕੇ ਅਤੇ ਕੈਨੇਡਾ ਪਹੁੰਚਣ ਤੋਂ ਪਹਿਲਾਂ ਹੀ ਆਪਣੇ ਲੋੜੀਂਦੇ **ਗਾਰੰਟੀਡ ਇਨਵੈਸਟਮੈਂਟ ਸਰਟੀਫਿਕੇਟ (GIC)** ਵਿੱਚ ਫੰਡ ਜਮ੍ਹਾਂ ਕਰ ਕੇ ਅਜਿਹਾ ਕਰ ਸਕਦੇ ਹਨ। ਜੇ ਤੁਸੀਂ SDS ਪ੍ਰੋਗਰਾਮ ਲਈ ਯੋਗ ਹੋ, ਜਿਸ ਵਿੱਚ ਕੈਨੇਡਾ ਵਿੱਚ ਕਿਸੇ ਮਨੋਨੀਤ ਪੋਸਟ-ਸੈਕੰਡਰੀ ਵਿਦਿਅਕ ਸੰਸਥਾ ਤੋਂ ਸਵੀਕ੍ਰਿਤੀ ਪੱਤਰ ਪ੍ਰਾਪਤ ਕਰਨਾ ਅਤੇ **SDS ਪ੍ਰੋਗਰਾਮ** ਦੇ ਅਧੀਨ ਕਿਸੇ ਯੋਗ ਦੇਸ਼ ਵਿੱਚ ਰਹਿਣਾ ਸ਼ਾਮਲ ਹੈ, ਤਾਂ ਤੁਸੀਂ **TD ਅੰਤਰਰਾਸ਼ਟਰੀ ਵਿਦਿਆਰਥੀ GIC ਪ੍ਰੋਗਰਾਮ** ਲਈ ਅਰਜ਼ੀ ਦੇ ਸਕਦੇ ਹੋ।



# ਕੈਨਡਾ ਪਹੁਚਣ ਤੋਂ ਪਹਿਲਾਂ ਤੁਸੀਂ:

- ਕੈਨਡਾ ਵਿਚ ਆਪਣੀਆਂ ਰਜ਼ਮਰ੍ਹਾ ਦੀਆਂ ਬੈਂਕਿਗ ਲੜਾਂ ਲਈ ਚੈਕਿਗ ਖਾਤਾ ਖੋਲ੍ਹ ਸਕਦ ਹ ਜ ਕਿਸੇ TD ਕੈਨਡਾ ਟਰਸਟ ਬਾਂਚ ਵਿਚ ਲਾਜ਼ਮੀ ਪੜਾਅ ਪੂਰ ਕਰਨ ਤੋਂ ਬਾਅਦ ਸਿਰਫ ਤਹਾਡੇ ਕੈਨਡਾ ਪਹਚਣ ‘ਤੇ ਹੀ ਵਰਤੋਂ ਲਈ ਉਪਲਬਧ ਹਵੇਗਾ।

- ਆਪਣੇ GIC ਵਿਚ ਫਡ ਜਮ੍ਹਾਂ ਕਰਨ ਲਈ ਇਕ-ਵਾਰ ਲਈ ਅਤਰਰਾਸ਼ਟਰੀ ਵਾਇਰ ਟਾਂਸਫਰ ਕਰ ਸਕਦ ਹ ਅਤੇ ਕੈਨਡਾ ਵਿਚ ਆਪਣੇ ਰਹਿਣ-ਸਹਿਣ ਦ ਖਰਚਿਆਂ ਦੀ ਅਦਾਇਗੀ ਵਿਚ ਸਹਾਇਤਾ ਕਰ ਸਕਦ ਹ ਅਤੇ

- ਸਟਡੀ ਪਰਮਿਟ ਦ ਦਿਸ਼ਾ-ਨਿਰਦੇਸ਼ਾਂ ਨ ਪੂਰਾ ਕਰਨ ਲਈ GIC ਖਰੀਦ ਸਕਦ ਹੋ।



**TD ਅੰਤਰਰਾਸ਼ਟਰੀ ਵਿਦਿਆਰਥੀ GIC ਪ੍ਰੋਗਰਾਮ** ਵਿੱਚ **TD ਵਿਦਿਆਰਥੀ ਚੈਕਿੰਗ ਖਾਤਾ** ਅਤੇ GIC ਨਿਵੇਸ਼ ਸ਼ਾਮਲ ਹੁੰਦਾ ਹੈ। ਸਾਡੀਆਂ ਪ੍ਰੋਗਰਾਮ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੈਨੇਡਾ ਵਿੱਚ **TD ਕੈਨੇਡਾ ਟਰੱਸਟ ਬ੍ਰਾਂਚ** ਵਿੱਚ ਤੁਹਾਡੀ ਮੌਜੂਦਗੀ ਤੋਂ ਬਾਅਦ, GIC ਵਿੱਚ ਤੁਹਾਡੇ ਫੰਡਾਂ ਦਾ ਇੱਕ ਹਿੱਸਾ 12 ਮਹੀਨੇ ਦੀ ਮਿਆਦ ਦੌਰਾਨ, ਮਿਆਦੀ ਅਧਾਰ 'ਤੇ ਤੁਹਾਡੇ **TD ਵਿਦਿਆਰਥੀ ਚੈਕਿੰਗ ਖਾਤੇ** ਵਿੱਚ ਅਦਾ ਕਰ ਦਿੱਤਾ ਜਾਵੇਗਾ।

ਆਪਣੇ ਦੇਸ਼ ਨੂੰ ਛੱਡਣ ਅਤੇ ਕੈਨੇਡਾ ਆਉਣ ਦੀਆਂ ਯੋਜਨਾਵਾਂ ਬਣਾਉਣ ਵਿੱਚ ਬਹੁਤ ਸਾਰਾ ਕੰਮ ਸ਼ਾਮਲ ਹੁੰਦਾ ਹੈ। TD ਵਿਖੇ, ਅਸੀਂ ਕੈਨੇਡਾ ਦੀ ਯਾਤਰਾ ਵਿੱਚ ਅੱਗੇ ਵਧਣ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਮੌਜੂਦ ਹਾਂ।

## ਹੇਠਾਂ ਦਿੱਤੇ ਸਾਡੇ ਟੋਲ-ਫ੍ਰੀ ਨੰਬਰਾਂ ‘ਤੇ ਸਾਡੇ ਨਾਲ ਸੰਪਰਕ ਕਰੋ:

**ਚੀਨ ਤੋਂ:** 1-855-537-5355;

**ਭਾਰਤ/ਫਿਲੀਪੀਨਜ਼/ਸੇਨੇਗਲ/ਪਾਕਿਸਤਾਨ/ਮੋਰੋਕੋ/ਵੀਅਤਨਾਮ/ਐਂਟੀਗੁਆ ਅਤੇ ਬਾਰਬੁਡਾ/ਬ੍ਰਾਜ਼ੀਲ/ਕੋਲੰਬੀਆ, ਕੋਸਟਾਰਿਕਾ/ਪੇਰੂ/ਸੈਂਟ ਵਿਨਸੈਂਟ ਐਂਡ ਗ੍ਰੇਨਾਡੀਨਸ/ਤ੍ਰਿਨੀਦਾਦ ਅਤੇ ਟੋਬੈਗੋ ਤੋਂ:** 1- 416-351-0613 (ਕਾਲ ਕਲੈਕਟ)।

# ਪਹੁੰਚਣ ਤੋਂ ਪਹਿਲਾਂ ਦੀ ਅਰਜ਼ੀ ਪ੍ਰਕਿਰਿਆ



## ਆਪਣਾ TD ਵਿਦਿਆਰਥੀ ਚੈਕਿੰਗ ਖਾਤਾ ਅਤੇ TD ਅੰਤਰਰਾਸ਼ਟਰੀ ਵਿਦਿਆਰਥੀ GIC ਖੋਲ੍ਹਣਾ ਆਸਾਨ ਅਤੇ ਸੁਰੱਖਿਅਤ ਹੈ!

ਜਦੋਂ ਤੁਸੀਂ ਆਪਣਾ ਪੂਰਾ ਭਰਿਆ ਅਰਜ਼ੀ ਫਾਰਮ ਅਤੇ ਸੰਬੰਧਿਤ ਦਸਤਾਵੇਜ਼ ਆਨਲਾਈਨ ਜਮ੍ਹਾਂ ਕਰ ਦਿੰਦੇ ਹੋ, ਤਾਂ ਅਸੀਂ ਤੁਹਾਡੀ ਅਰਜ਼ੀ 'ਤੇ ਕਾਰਵਾਈ ਕਰਾਂਗੇ।

ਜਦੋਂ ਅਸੀਂ ਇਹ ਨਿਰਧਾਰਤ ਕਰਦੇ ਹਾਂ ਕਿ ਤੁਹਾਡੀ ਅਰਜ਼ੀ ਅਤੇ ਸੰਬੰਧਿਤ ਦਸਤਾਵੇਜ਼ ਪੂਰੇ ਅਤੇ ਸਹੀ ਹਨ, ਤਾਂ ਅਸੀਂ ਤੁਹਾਨੂੰ ਸੁਰੱਖਿਅਤ ਈਮੇਲ ਦੁਆਰਾ **2 ਤੋਂ 5 ਵਪਾਰਕ ਦਿਨਾਂ** ਦੇ ਅੰਦਰ ਤੁਹਾਡੇ ਖਾਤੇ ਦੇ ਵੇਰਵਿਆਂ ਅਤੇ **'TD ਪ੍ਰੂਫ਼ ਆਫ਼ ਇਨਰੋਲਮੈਂਟ ਪੋਰਟਲ'** ਲਈ ਲਿੰਕ, ਦੇ ਨਾਲ ਇੱਕ **ਵੈਲਕਮ ਪੈਕੇਜ** ਭੇਜਾਂਗੇ।

ਜਦੋਂ ਤੁਹਾਨੂੰ ਖਾਤੇ ਦੇ ਵੇਰਵੇ ਮਿਲ ਜਾਂਦੇ ਹਨ, ਤਾਂ ਇੱਕ ਲਾਜ਼ਮੀ ਪੜਾਅ ਦੇ ਤੌਰ 'ਤੇ ਤੁਹਾਨੂੰ **'TD ਪ੍ਰੂਫ਼ ਆਫ਼ ਇਨਰੋਲਮੈਂਟ ਪੋਰਟਲ'** ਰਾਹੀਂ, ਕੈਨੇਡਾ ਵਿੱਚ ਕਿਸੇ ਮਨੋਨੀਤ ਪੋਸਟ-ਸੈਕੰਡਰੀ ਵਿਦਿਅਕ ਸੰਸਥਾ ਤੋਂ ਪ੍ਰਾਪਤ ਹੋਇਆ ਆਪਣਾ ਸਵੀਕ੍ਰਿਤੀ ਪੱਤਰ ਅੱਪਲੋਡ ਕਰਨਾ ਪਵੇਗਾ।

ਇਸ ਸਵੀਕ੍ਰਿਤੀ ਪੱਤਰ ਨੂੰ ਜਮ੍ਹਾਂ ਕਰਨ ਤੋਂ ਬਾਅਦ, ਆਪਣੇ **TD ਵਿਦਿਆਰਥੀ ਚੈਕਿੰਗ ਖਾਤੇ** ਵਿੱਚ ਫੰਡ ਜਮ੍ਹਾਂ ਕਰਨ ਲਈ **ਵੈਲਕਮ ਪੈਕੇਜ** ਵਿੱਚ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ।



**ਆਪਣਾ ਸਵੀਕ੍ਰਿਤੀ ਪੱਤਰ ਅੱਪਲੋਡ ਕਰਨ ਲਈ customercollaboration.TD.com/student 'ਤੇ ਜਾਓ**





ਫਿਰ ਤੁਹਾਨੂੰ ਆਪਣੇ **TD ਵਿਦਿਆਰਥੀ ਚੈਕਿੰਗ ਖਾਤੇ** ਵਿੱਚ ਫੰਡ ਜਮ੍ਹਾਂ ਕਰਨ ਲਈ ਇੱਕ ਅੰਤਰਰਾਸ਼ਟਰੀ ਵਾਇਰ ਟ੍ਰਾਂਸਫਰ ਭੇਜਣਾ ਪਵੇਗਾ। ਅੰਤਰਰਾਸ਼ਟਰੀ ਵਾਇਰ ਟ੍ਰਾਂਸਫਰ ਦੁਆਰਾ ਤੁਹਾਡੇ **TD ਵਿਦਿਆਰਥੀ ਚੈਕਿੰਗ ਖਾਤੇ** ਵਿੱਚ ਸਿਰਫ ਇੱਕ ਵਾਰ, ਘੱਟੋ-ਘੱਟ **CAD$10,000** ਜਮ੍ਹਾਂ ਇਨਕਮਿੰਗ ਵਾਇਰ ਪੇਮੈਂਟ ਫੀਸ ਅਤੇ ਵੱਧ ਤੋਂ ਵੱਧ **CAD$25,000** ਜਮ੍ਹਾਂ ਇਨਕਮਿੰਗ ਵਾਇਰ ਪੇਮੈਂਟ ਫੀਸ ਸਵੀਕਾਰ ਕੀਤੇ ਜਾਣਗੇ। ਵਾਇਰ ਪੇਮੈਂਟ ਪ੍ਰਾਪਤ ਕਰਨ ਦੀ ਫ਼ੀਸ ਤੁਹਾਨੂੰ ਪ੍ਰਦਾਨ ਕੀਤੇ ਗਏ **ਸਾਡੇ ਖਾਤੇ ਅਤੇ ਸੰਬੰਧਿਤ ਸੇਵਾਵਾਂ ਬਾਰੇ** ਦਸਤਾਵੇਜ਼ ਵਿੱਚ TD ਸੇਵਾ ਫ਼ੀਸ ਅਨੁਸੂਚੀ ਵਿੱਚ ਦਰਸਾਈ ਗਈ ਹੈ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੁਹਾਡੇ ਅੰਤਰਰਾਸ਼ਟਰੀ ਵਾਇਰ ਟ੍ਰਾਂਸਫਰ ਨੂੰ TD ਕੋਲ ਪਹੁੰਚਣ ਲਈ ਲਗਭਗ **5 ਜਾਂ ਵੱਧ ਕਾਰੋਬਾਰੀ ਦਿਨ** ਲੱਗ ਸਕਦੇ ਹਨ; ਵਧੇਰੇ ਸਪੱਸ਼ਟ ਸਮੇਂ ਲਈ ਆਪਣੇ ਸਥਾਨਕ ਭੇਜਣ ਵਾਲੇ ਬੈਂਕ ਨਾਲ ਸੰਪਰਕ ਕਰੋ।

ਫੰਡਾਂ ਬਾਰੇ ਵਾਧੂ ਜਾਣਕਾਰੀ ਲਈ ਜਿਨ੍ਹਾਂ ਨੂੰ ਵਿਦੇਸ਼ੀ ਮੁਦਰਾ ਤੋਂ ਕੈਨੇਡੀਅਨ ਡਾਲਰ ਵਿੱਚ ਬਦਲਣ ਦੀ ਲੋੜ ਹੈ, ਕਿਰਪਾ ਕਰਕੇ **ਵਿੱਤੀ ਸੇਵਾ ਦੀਆਂ ਸ਼ਰਤਾਂ** ਸੈਕਸ਼ਨ 2.10 "ਅਸੀਂ ਵਿਦੇਸ਼ੀ ਮੁਦਰਾ ਨੂੰ ਕਿਵੇਂ ਸੰਭਾਲਦੇ ਹਾਂ?" ਦੇਖੋ।

ਤੁਹਾਡੇ **TD ਵਿਦਿਆਰਥੀ ਚੈਕਿੰਗ ਖਾਤੇ** ਨੂੰ ਖੁੱਲ੍ਹਾ ਰੱਖਣ ਲਈ, ਖਾਤਾ ਖੋਲ੍ਹਣ ਦੀ ਤਾਰੀਖ ਤੋਂ 90 ਕੈਲੰਡਰ ਦਿਨਾਂ ਦੇ ਅੰਦਰ ਇੱਕ ਅੰਤਰਰਾਸ਼ਟਰੀ ਵਾਇਰ ਟ੍ਰਾਂਸਫਰ ਦੁਆਰਾ ਫੰਡ ਜਮ੍ਹਾਂ ਕੀਤਾ ਜਾਣਾ ਚਾਹੀਦਾ ਹੈ। ਜੇ ਖਾਤਾ ਖੋਲ੍ਹਣ ਦੀ ਤਾਰੀਖ ਤੋਂ 90 ਕੈਲੰਡਰ ਦਿਨਾਂ ਦੇ ਅੰਦਰ ਫੰਡ ਜਮ੍ਹਾਂ ਨਹੀਂ ਕੀਤਾ ਜਾਂਦਾ, ਤਾਂ ਖਾਤਾ ਆਪਣੇ ਆਪ ਬੰਦ ਹੋ ਜਾਵੇਗਾ।

ਜਦੋਂ TD ਨੂੰ ਤੁਹਾਡਾ ਅੰਤਰਰਾਸ਼ਟਰੀ ਵਾਇਰ ਟ੍ਰਾਂਸਫਰ ਪ੍ਰਾਪਤ ਹੋ ਜਾਂਦਾ ਹੈ, ਤਾਂ TD ਅੰਤਰਰਾਸ਼ਟਰੀ ਵਿਦਿਆਰਥੀ GIC ਵਿੱਚ CAD $10,000 ਦਾ ਨਿਵੇਸ਼ ਕੀਤਾ ਜਾਂਦਾ ਹੈ। CAD $10,000 ਤੋਂ ਉੱਪਰ ਦੀ ਕੋਈ ਵੀ ਰਕਮ ਤੁਹਾਡੇ TD ਵਿਦਿਆਰਥੀ ਚੈਕਿੰਗ ਖਾਤੇ ਵਿੱਚ ਰਹੇਗੀ।

**GIC ਨਿਵੇਸ਼ ਦੇ ਵੇਰਵੇ** ਦਸਤਾਵੇਜ਼ ਵਿੱਚ ਦੱਸੇ ਅਨੁਸਾਰ GIC ਖਰੀਦ ਲਈ ਤੁਹਾਡੀ ਸਹਿਮਤੀ ਤੋਂ ਬਾਅਦ, **TD ਅੰਤਰਰਾਸ਼ਟਰੀ ਵਿਦਿਆਰਥੀ GIC** ਜਾਰੀ ਕੀਤਾ ਜਾਵੇਗਾ। ਇਸ ਤੋਂ ਬਾਅਦ, ਤੁਹਾਨੂੰ **ਨਿਵੇਸ਼ ਦਸਤਾਵੇਜ਼ ਦੀ ਪੁਸ਼ਟੀ**, GIC ਦੇ ਵੇਰਵੇ ਦੀ ਰੂਪ ਰੇਖਾ ਪ੍ਰਾਪਤ ਹੋਵੇਗੀ, ਜਿਸ ਵਿੱਚ ਮੂਲ ਰਕਮ **(CAD $10,000)**, ਵਿਆਜ ਦੀ ਦਰ, ਜਾਰੀ ਕਰਨ ਦੀ ਤਾਰੀਖ, ਮਿਆਦ ਅਤੇ ਮਿਆਦ ਪੂਰੀ ਹੋਣ ਦੀ ਤਾਰੀਖ ਸ਼ਾਮਲ ਹੋਵੇਗੀ।

## ਹੇਠ ਲਿਖਿਆਂ ਵਿਚੋਂ ਕਿਸੇ ਵੀ ਸਥਿਤੀ ਵਿਚ, ਤਹਾਡੇ ਤੋਂ ਸਾਨ ਪਾਪਤ ਹੋਏ ਕਿਸੇ ਵੀ ਅਤਰਰਾਸ਼ਟਰੀ ਵਾਇਰ ਟਾਂਸਫਰ ਨ ਉਸੇ ਖਾਤੇ ਵਿਚ ਵਾਪਸ ਕਰ ਦਿਤਾ ਜਾਵੇਗਾ ਜਿਸ ਤੋਂ ਫਡ ਆਏ ਸਨ:

- ਜੇ ਸਾਡੇ ਵਲ ਪਾਪਤ ਕੀਤਾ ਸ਼ੁਰੂਆਤੀ ਇਕ-ਵਾਰ ਲਈ ਅਤਰਰਾਸ਼ਟਰੀ ਵਾਇਰ ਟਾਂਸਫਰ **CAD $10,000** ਤੋਂ ਘਟ ਜਾਂ **CAD $25,000** ਤੋਂ ਵਧ ਹੈ; ਜਾਂ
- ਜੇ ਤਹਾਡੇ ਕੈਨਡਾ ਆਉਣ ਅਤੇ ਉਪਰੋਕਤ-ਦਰਸਾਈਆਂ ਪਗਰਾਮ ਦੀਆਂ ਲੜਾਂ ਨ ਪੂਰਾ ਕਰਨ ਤੋਂ ਪਹਿਲਾਂ ਤਹਾਡੇ TD ਵਿਦਿਆਰਥੀ ਚੈਕਿਗ ਖਾਤੇ ਵਿਚ ਸ਼ੁਰੂਆਤੀ **CAD $10,000 CAD $25,000** ਤੋਂ ਇਲਾਵਾ ਕੋਈ ਅਗਲੀ ਜਾਂ ਵਧੀਕ ਰਕਮ ਟਾਂਸਫਰ ਜਾਂ ਜਮ੍ਹਾਂ ਕੀਤੀ ਜਾਂਦੀ ਹੈ।

ਜਦੋਂ TD **ਵਿਦਿਆਰਥੀ ਚੈਕਿੰਗ ਖਾਤਾ** ਖੋਲ੍ਹ ਦਿੱਤਾ ਜਾਂਦਾ ਹੈ ਅਤੇ TD **ਅੰਤਰਰਾਸ਼ਟਰੀ ਵਿਦਿਆਰਥੀ** GIC ਵਿੱਚ ਫੰਡ ਪਾ ਦਿੱਤਾ ਜਾਂਦਾ ਹੈ, ਤਾਂ ਜਦੋਂ ਤੱਕ ਤੁਸੀਂ ਕੈਨੇਡਾ ਵਿੱਚ TD **ਕੈਨੇਡਾ ਟਰੱਸਟ ਬ੍ਰਾਂਚ** ਵਿੱਚ ਪ੍ਰੋਗਰਾਮ ਦੀਆਂ ਸਾਰੀਆਂ ਲੋੜਾਂ ਪੂਰੀਆਂ ਨਹੀਂ ਕਰਦੇ ਹੋ, ਉਦੋਂ ਤੱਕ ਉਹਨਾਂ ਵਿੱਚ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਦੀ ਇਜਾਜ਼ਤ ਨਹੀਂ ਦਿੱਤੀ ਜਾਏਗੀ।

ਜਦੋਂ ਤੁਹਾਡੇ ਕੋਲ ਆਪਣਾ ਸਟੱਡੀ ਪਰਮਿਟ ਹੁੰਦਾ ਹੈ, ਅਤੇ ਤੁਸੀਂ ਕੈਨੇਡਾ ਆ ਜਾਂਦੇ ਹੋ, ਤਾਂ ਤੁਹਾਨੂੰ ਆਈਡੀ ਦੀ ਤਸਦੀਕ ਅਤੇ ਦਸਤਾਵੇਜ਼ਾਂ 'ਤੇ ਦਸਤਖਤ ਕਰਨ ਲਈ ਆਪਣੀ ਪਸੰਦ ਦੇ ਕਿਸੇ **TD ਕੈਨੇਡਾ ਟਰੱਸਟ ਬ੍ਰਾਂਚ** ਤੋਂ ਅਪਾਇੰਟਮੈਂਟ ਲੈਣੀ ਪਵੇਗੀ, ਤਾਂ ਜੋ ਤੁਹਾਡੇ TD **ਵਿਦਿਆਰਥੀ ਚੈਕਿੰਗ ਖਾਤੇ** ਅਤੇ ਤੁਹਾਡੇ TD **ਅੰਤਰਰਾਸ਼ਟਰੀ ਵਿਦਿਆਰਥੀ** GIC ਨੂੰ ਐਕਟੀਵੇਟ ਕੀਤਾ ਜਾ ਸਕੇ।



**TD ਸੁਰੱਖਿਅਤ ਈਮੇਲ**: ਤੁਹਾਨੂੰ ਸਾਡੇ ਵੱਲੋਂ ਆਪਣਾ ਪਹਿਲਾ TD ਸੁਰੱਖਿਅਤ ਈਮੇਲ ਸੁਨੇਹਾ ਮਿਲਣ 'ਤੇ ਸੁਰੱਖਿਅਤ ਈਮੇਲ ਸੇਵਾ ਲਈ ਰਜਿਸਟਰ ਕਰਨਾ ਪਵੇਗਾ। ਇਹ ਸੁਨੇਹਾ ਸਿਰਫ 14 ਕੈਲੰਡਰ ਦਿਨਾਂ ਲਈ ਵੈਧ ਹੋਵੇਗਾ।

# ਜਦੋਂ ਤੁਸੀਂ ਕੈਨੇਡਾ ਪਹੁੰਚੋ ਤਾਂ ਸਾਨੂੰ ਮਿਲੋ




ਤੁਹਾਡਾ **TD ਵਿਦਿਆਰਥੀ ਚੈਕਿੰਗ ਖਾਤਾ** ਖੁੱਲ੍ਹਣ ਤੋਂ ਬਾਅਦ, ਤੁਹਾਡੇ ਕੋਲ ਕੈਨੇਡਾ ਪਹੁੰਚਣ ਅਤੇ ਪਛਾਣ ਜਾਂਚ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਕਿਸੇ **TD ਕੈਨੇਡਾ ਟਰੱਸਟ ਬ੍ਰਾਂਚ** ਵਿੱਚ ਜਾਣ ਅਤੇ **TD ਵਿਦਿਆਰਥੀ ਚੈਕਿੰਗ ਅਕਾਊਂਟ** ਅਤੇ ਆਪਣਾ **TD GIC ਅਕਾਊਂਟ** ਐਕਟੀਵੇਟ ਕਰਨ ਲਈ **365 ਕੈਲੰਡਰ ਦਿਨ** ਹੁੰਦੇ ਹਨ।

### ਕਿਰਪਾ ਕਰਕੇ ਇਹ ਚੀਜ਼ਾਂ ਆਪਣ ਨਾਲ ਲਿਆਓ:

ਤਹਾਡਾ ਵੈਧ ਵਿਦਸ਼ੀ ਪਾਸਪੋਰਟ, ਮਨਨੀਤ ਪੋਸਟ-ਸੈਕਡਰੀ ਵਿਦਿਅਕ ਸਸਥਾ ਤੋਂ ਦਾਖਲ ਦਾ ਪ੍ਰਮਾਣ (ਜਾਂ ਵਿਦਿਆਰਥੀ ਆਈਡੀ ਕਾਰਡ) ਅਤੇ ਸਟਡੀ ਪਰਮਿਟ (ਭਾਵ IMM 1208)।

ਕਿਊਬੈਕ ਸੂਬੇ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ, ਉੱਪਰ ਦੱਸੇ ਗਏ ਦਸਤਾਵੇਜ਼ਾਂ ਤੋਂ ਇਲਾਵਾ **ਕਿਊਬੈਕ ਸਵੀਕ੍ਰਿਤੀ ਸਰਟੀਫਿਕੇਟ** (CAQ) ਦੀ ਵੀ ਲੋੜ ਹੁੰਦੀ ਹੈ।

ਜੇ ਤੁਹਾਡੇ ਕੋਲ **ਟੈਕਸਪੇਅਰ ਪਛਾਣ ਨੰਬਰ** (TIN) ਹੈ ਅਤੇ ਇਹ ਪਹਿਲਾਂ ਨਹੀਂ ਦਿੱਤਾ ਗਿਆ, ਤਾਂ ਤੁਹਾਨੂੰ ਆਪਣੀ ਮੁਲਾਕਾਤ ਦੇ ਦੌਰਾਨ ਇਹ ਨੰਬਰ ਜ਼ਰੂਰ ਦੇਣਾ ਚਾਹੀਦਾ ਹੈ। ਜੇ ਸਾਡੇ ਕੋਲ ਇਹ ਜਾਣਕਾਰੀ ਫਾਈਲ 'ਤੇ ਨਹੀਂ ਹੈ ਤਾਂ ਕੈਨੇਡਾ ਰੈਵੀਨਿਊ ਏਜੰਸੀ ਤੁਹਾਨੂੰ ਜੁਰਮਾਨਾ ਲਗਾ ਸਕਦੀ ਹੈ।

ਜੇ ਤੁਸੀਂ **TD ਵਿਦਿਆਰਥੀ ਚੈਕਿੰਗ ਖਾਤਾ** ਖੋਲ੍ਹਣ ਦੇ **365 ਕੈਲੰਡਰ ਦਿਨਾਂ** ਦੇ ਅੰਦਰ ਸਾਡੀ ਕਿਸੇ ਬ੍ਰਾਂਚ ਵਿੱਚ ਜਾ ਕੇ ਇਹਨਾਂ ਪੜਾਵਾਂ ਨੂੰ ਪੂਰਾ ਨਹੀਂ ਕਰਦੇ ਹੋ, ਤਾਂ ਤੁਹਾਡਾ **TD ਵਿਦਿਆਰਥੀ ਚੈਕਿੰਗ ਖਾਤਾ** ਅਤੇ ਤੁਹਾਡਾ **TD ਅੰਤਰਰਾਸ਼ਟਰੀ ਵਿਦਿਆਰਥੀ** GIC ਬੰਦ ਕਰ ਦਿੱਤਾ ਜਾਵੇਗਾ ਅਤੇ ਮੂਲ ਰਕਮ ਅਤੇ ਪ੍ਰਾਪਤ ਕੀਤੇ ਵਿਆਜ ਨੂੰ ਉਸੇ ਖਾਤੇ ਵਿੱਚ ਵਾਪਸ ਕਰ ਦਿੱਤਾ ਜਾਵੇਗਾ ਜਿਸ ਤੋਂ ਤੁਸੀਂ ਸਾਨੂੰ ਉੱਪਰ ਵਰਣਿਤ ਅੰਤਰਰਾਸ਼ਟਰੀ ਵਾਇਰ ਟ੍ਰਾਂਸਫਰ ਭੇਜਿਆ ਸੀ।

# GIC ਭੁਗਤਾਨ ਦਾ ਕਾਰਜਕ੍ਰਮ:

**TD ਅੰਤਰਰਾਸ਼ਟਰੀ ਵਿਦਿਆਰਥੀ** GIC, **TD ਅੰਤਰਰਾਸ਼ਟਰੀ ਵਿਦਿਆਰਥੀ GIC ਪ੍ਰੋਗਰਾਮ ਅਰਜ਼ੀ ਫਾਰਮ** ਵਿੱਚ ਨਿਰਧਾਰਤ ਕੀਤੇ ਪ੍ਰੋਗਰਾਮ ਦੇ ਨਿਯਮਾਂ ਅਤੇ ਸ਼ਰਤਾਂ ਦੇ ਅਧੀਨ ਹੈ। ਇਹ GIC ਸਿਰਫ ਹੇਠਾਂ ਦਿੱਤੇ **GIC ਭੁਗਤਾਨ ਕਾਰਜਕ੍ਰਮ** ਦੇ ਅਨੁਸਾਰ ਰੀਡੀਮ ਕੀਤਾ ਜਾ ਸਕਦਾ ਹੈ। ਜਦੋਂ ਤੁਸੀਂ ਆਪਣੇ TD ਕੈਨੇਡਾ ਟਰੱਸਟ ਬ੍ਰਾਂਚ ਦੇ ਦੌਰੇ 'ਤੇ **TD ਅੰਤਰਰਾਸ਼ਟਰੀ ਵਿਦਿਆਰਥੀ GIC ਪ੍ਰੋਗਰਾਮ** ਵਿੱਚ ਹਿੱਸਾ ਲੈਣ ਲਈ ਸਾਰੀਆਂ ਸ਼ਰਤਾਂ ਨੂੰ ਪੂਰਾ ਕਰ ਲੈਂਦੇ ਹੋ, ਤਾਂ **CAD $2,000 ਅਤੇ ਪ੍ਰਾਪਤ ਕੀਤੇ ਵਿਆਜ** ਨੂੰ ਤੁਹਾਡੇ GIC ਤੋਂ ਰੀਡੀਮ ਕੀਤਾ ਜਾਵੇਗਾ ਅਤੇ ਤੁਹਾਡੇ **TD ਵਿਦਿਆਰਥੀ ਚੈਕਿੰਗ ਖਾਤੇ** ਵਿੱਚ ਜਮ੍ਹਾਂ ਕਰ ਦਿੱਤਾ ਜਾਵੇਗਾ। ਬਾਕੀ ਬਚੀ **CAD $8,000 ਦੀ ਮੂਲ ਰਕਮ** ਨੂੰ ਤੁਹਾਡੇ GIC ਤੋਂ ਹਰੇਕ ਮਹੀਨੇ ਦੇ ਪਹਿਲੇ ਕਾਰੋਬਾਰੀ ਦਿਨ 'ਤੇ **ਪ੍ਰਾਪਤ ਕੀਤੇ ਵਿਆਜ ਦੇ ਨਾਲ CAD $800** ਦੇ ਦਸ ਬਰਾਬਰ ਮਹੀਨਾਵਾਰ ਭੁਗਤਾਨਾਂ ਵਿੱਚ ਰੀਡੀਮ ਕੀਤਾ ਜਾਵੇਗਾ ਅਤੇ ਤੁਹਾਡੇ **TD ਵਿਦਿਆਰਥੀ ਚੈਕਿੰਗ ਖਾਤੇ** ਵਿੱਚ ਜਮ੍ਹਾਂ ਕਰ ਦਿੱਤਾ ਜਾਵੇਗਾ।

| GIC ਭਗਤਾਨ ਦਾ ਕਾਰਜਕ੍ਰਮ | GIC ਭਗਤਾਨ ਦੀ ਰਕਮ | GIC ਬਾਕੀ ਬਚੀ ਮੂਲ ਰਕਮ |
|---|---|---|
| TD ਬ੍ਰਾਂਚ ਦਾ ਦੌਰਾ | $2000 + ਵਿਆਜ | $8000 |
| ਦੂਜੇ ਮਹੀਨੇ ਦਾ ਪਹਿਲਾ ਕਾਰੋਬਾਰੀ ਦਿਨ | $800 + ਵਿਆਜ | $7200 |
| ਤੀਜੇ ਮਹੀਨੇ ਦਾ ਪਹਿਲਾ ਕਾਰੋਬਾਰੀ ਦਿਨ | $800 + ਵਿਆਜ | $6400 |
| ਚੌਥੇ ਮਹੀਨੇ ਦਾ ਪਹਿਲਾ ਕਾਰੋਬਾਰੀ ਦਿਨ | $800 + ਵਿਆਜ | $5600 |
| ਪੰਜਵੇਂ ਮਹੀਨੇ ਦਾ ਪਹਿਲਾ ਕਾਰੋਬਾਰੀ ਦਿਨ | $800 + ਵਿਆਜ | $4800 |
| ਛੇਵੇਂ ਮਹੀਨੇ ਦਾ ਪਹਿਲਾ ਕਾਰੋਬਾਰੀ ਦਿਨ | $800 + ਵਿਆਜ | $4000 |
| ਸੱਤਵੇਂ ਮਹੀਨੇ ਦਾ ਪਹਿਲਾ ਕਾਰੋਬਾਰੀ ਦਿਨ | $800 + ਵਿਆਜ | $3200 |
| ਅੱਠਵੇਂ ਮਹੀਨੇ ਦਾ ਪਹਿਲਾ ਕਾਰੋਬਾਰੀ ਦਿਨ | $800 + ਵਿਆਜ | $2400 |
| ਨੌਵੇਂ ਮਹੀਨੇ ਦਾ ਪਹਿਲਾ ਕਾਰੋਬਾਰੀ ਦਿਨ | $800 + ਵਿਆਜ | $1600 |
| ਦੱਸਵੇਂ ਮਹੀਨੇ ਦਾ ਪਹਿਲਾ ਕਾਰੋਬਾਰੀ ਦਿਨ | $800 + ਵਿਆਜ | $800 |
| ਗਿਆਰਵੇਂ ਮਹੀਨੇ ਦਾ ਪਹਿਲਾ ਕਾਰੋਬਾਰੀ ਦਿਨ | $800 + ਵਿਆਜ | $0 |

# ਜੇ ਤੁਹਾਨੂੰ ਦੇਰੀ ਹੋ ਜਾਂਦੀ ਹੈ ਤਾਂ:

ਜੇ ਤੁਸੀਂ ਆਪਣਾ **TD ਵਿਦਿਆਰਥੀ ਚੈਕਿੰਗ ਖਾਤਾ** ਖੋਲ੍ਹਣ ਦੇ **365** ਕੈਲੰਡਰ ਦਿਨਾਂ ਦੇ ਅੰਦਰ ਸਾਡੀ ਕਿਸੇ ਬ੍ਰਾਂਚ ਵਿੱਚ ਜਾ ਕੇ ਉੱਪਰ ਦੱਸੇ ਗਏ ਪੜਾਵਾਂ ਨੂੰ ਪੂਰਾ ਨਹੀਂ ਕਰਦੇ ਹੋ, ਤਾਂ ਤੁਹਾਡੇ **TD ਵਿਦਿਆਰਥੀ ਚੈਕਿੰਗ ਖਾਤੇ** ਅਤੇ ਤੁਹਾਡੇ **TD ਅੰਤਰਰਾਸ਼ਟਰੀ ਵਿਦਿਆਰਥੀ GIC** ਨੂੰ ਬੰਦ ਕਰ ਦਿੱਤਾ ਜਾਵੇਗਾ।

# ਜੇ ਤੁਸੀਂ TD ਅੰਤਰਰਾਸ਼ਟਰੀ ਵਿਦਿਆਰਥੀ GIC ਪ੍ਰੋਗਰਾਮ ਵਿੱਚ ਆਪਣੀ ਸ਼ਮੂਲੀਅਤ ਨੂੰ ਰੱਦ ਕਰਨਾ ਚਾਹੁੰਦੇ ਹੋ ਤਾਂ:

ਤੁਸੀਂ ਕੈਨੇਡਾ ਪਹੁੰਚਣ ਤੋਂ ਪਹਿਲਾਂ **TD ਇੰਟਰਨੈਸ਼ਨਲ ਸਟੂਡੈਂਟ GIC ਪ੍ਰੋਗਰਾਮ** ਵਿੱਚ ਆਪਣੀ ਸ਼ਮੂਲੀਅਤ ਰੱਦ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਹੇਠਾਂ ਦਿੱਤੇ ਟੌਲ-ਫ੍ਰੀ ਨੰਬਰ 'ਤੇ ਕਾਲ ਕਰੋ। ਭਾਗੀਦਾਰੀ ਰੱਦ ਕਰਨ ਵਿੱਚ **TD ਵਿਦਿਆਰਥੀ ਚੈਕਿੰਗ ਖਾਤਾ** ਅਤੇ **TD ਅੰਤਰਰਾਸ਼ਟਰੀ ਵਿਦਿਆਰਥੀ** GIC ਦੋਵਾਂ ਦਾ ਬੰਦ ਹੋਣਾ ਸ਼ਾਮਲ ਹੁੰਦਾ ਹੈ।

**ਕਿਰਪਾ ਕਰਕੇ ਧਿਆਨ ਦਿਓ:** TD ਕੈਨੇਡਾ ਟਰੱਸਟ ਬ੍ਰਾਂਚ ਵਿੱਚ ਉੱਪਰ ਦੱਸੇ ਗਏ ਪੜਾਵਾਂ ਦੇ ਪੂਰਾ ਹੋਣ ਤੋਂ ਬਾਅਦ ਪ੍ਰੋਗਰਾਮ ਵਿੱਚ ਭਾਗੀਦਾਰੀ ਨੂੰ ਰੱਦ ਕਰਨ ਦੀ ਇਜਾਜ਼ਤ ਨਹੀਂ ਹੈ।

ਉਪਰੋਕਤ ਦੋਵੇਂ ਸਥਿਤੀਆਂ ਵਿੱਚ, ਅਸੀਂ ਇਹਨਾਂ ਫੰਡਾਂ ਦੇ ਅੰਤਰਰਾਸ਼ਟਰੀ ਵਾਇਰ ਟ੍ਰਾਂਸਫਰ ਦੇ ਜ਼ਰੀਏ ਮੂਲ ਰਕਮ ਅਤੇ ਪ੍ਰਾਪਤ ਕੀਤੇ ਵਿਆਜ ਨੂੰ ਉਸ ਖਾਤੇ ਵਿੱਚ ਵਾਪਸ ਕਰ ਦੇਵਾਂਗੇ ਜਿਸ ਤੋਂ ਤੁਸੀਂ ਸਾਨੂੰ ਉੱਪਰ ਦੱਸਿਆ ਅੰਤਰਰਾਸ਼ਟਰੀ ਵਾਇਰ ਟ੍ਰਾਂਸਫਰ ਭੇਜਿਆ ਸੀ ਅਤੇ ਤੁਹਾਡੇ TD ਵਿਦਿਆਰਥੀ ਚੈਕਿੰਗ ਖਾਤੇ ਅਤੇ TD ਅੰਤਰਰਾਸ਼ਟਰੀ ਵਿਦਿਆਰਥੀ GIC ਨੂੰ ਬੰਦ ਕਰ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ, ਜੇਕਰ ਅਸੀਂ ਕਿਸੇ ਵੀ ਕਾਰਨ (ਇੱਥੇ ਦੱਸੇ ਗਏ ਕਿਸੇ ਵੀ ਹਾਲਾਤ ਸਮੇਤ, ਪਰ ਇਹਨਾਂ ਤੱਕ ਹੀ ਸੀਮਿਤ ਨਹੀਂ) ਲਈ ਅੰਤਰਰਾਸ਼ਟਰੀ ਵਾਇਰ ਟ੍ਰਾਂਸਫਰ ਦੁਆਰਾ ਤੁਹਾਨੂੰ ਫੰਡ ਵਾਪਸ ਕਰਨੇ ਹਨ, ਤਾਂ ਤੁਹਾਡੇ ਤੋਂ ਇੱਕ ਅੰਤਰਰਾਸ਼ਟਰੀ ਪੱਧਰ 'ਤੇ ਗੈਰ-TD ਕੈਨੇਡਾ ਟਰੱਸਟ ਖਾਤੇ ਨੂੰ ਵਾਇਰ ਭੁਗਤਾਨ ਲਈ ਇੱਕ ਗੈਰ-ਵਾਪਸੀਯੋਗ ਫੀਸ ਲਈ ਜਾਵੇਗੀ ਜਿਵੇਂ ਕਿ ਤੁਹਾਨੂੰ ਪ੍ਰਦਾਨ ਕੀਤੇ ਗਏ **ਸਾਡੇ ਖਾਤੇ ਅਤੇ ਸੰਬੰਧਿਤ ਸੇਵਾਵਾਂ ਬਾਰੇ** ਦਸਤਾਵੇਜ਼ ਵਿੱਚ TD ਸੇਵਾ ਫ਼ੀਸ ਅਨੁਸੂਚੀ ਵਿੱਚ ਦਰਸਾਇਆ ਗਿਆ ਹੈ। ਇਹ ਫੀਸ ਤੁਹਾਨੂੰ ਵਾਪਸ ਕੀਤੇ ਜਾ ਰਹੇ ਫੰਡ ਦੀ ਰਕਮ ਵਿਚੋਂ ਕੱਟੀ ਜਾਏਗੀ। ਫੰਡ ਟ੍ਰਾਂਸਫਰ ਕਰਨ ਵਿੱਚ ਸ਼ਾਮਲ ਹੋਰ ਬੈਂਕ ਜਾਂ ਵਿੱਤੀ ਸੰਸਥਾ ਫੰਡ ਪ੍ਰਾਪਤ ਕਰਨ ਵਾਲੇ ਤੋਂ ਵਾਧੂ ਫੀਸਾਂ ਵਸੂਲ ਸਕਦੀ ਹੈ।

ਫੰਡਾਂ ਬਾਰੇ ਵਾਧੂ ਜਾਣਕਾਰੀ ਲਈ ਜਿਨ੍ਹਾਂ ਨੂੰ ਕੈਨੇਡੀਅਨ ਡਾਲਰ ਤੋਂ ਵਿਦੇਸ਼ੀ ਮੁਦਰਾ ਵਿੱਚ ਬਦਲਣ ਦੀ ਲੋੜ ਹੈ, ਕਿਰਪਾ ਕਰਕੇ **ਵਿੱਤੀ ਸੇਵਾ ਦੀਆਂ ਸ਼ਰਤਾਂ** ਸੈਕਸ਼ਨ 2.10 "ਅਸੀਂ ਵਿਦੇਸ਼ੀ ਮੁਦਰਾ ਨੂੰ ਕਿਵੇਂ ਸੰਭਾਲਦੇ ਹਾਂ?" ਦੇਖੋ।

## TD ਅੰਤਰਰਾਸ਼ਟਰੀ ਵਿਦਿਆਰਥੀ GIC ਪ੍ਰੋਗਰਾਮ ਟੋਲ ਫ੍ਰੀ ਨੰਬਰ:

**ਚੀਨ ਤੋਂ:** 1-855-537-5355

**ਭਾਰਤ/ਫਿਲੀਪੀਨਜ਼/ਸੇਨੇਗਲ/ਪਾਕਿਸਤਾਨ/ਮੋਰੋਕੋ/ਵੀਅਤਨਾਮ/ਐਂਟੀਗੁਆ ਅਤੇ ਬਾਰਬੁਡਾ/ਬ੍ਰਾਜ਼ੀਲ/ਕੋਲੰਬੀਆ, ਕੋਸਟਾਰਿਕਾ/ਪੇਰੂ/ਸੈਂਟ ਵਿਨਸੈਂਟ ਐਂਡ ਗ੍ਰੇਨਾਡੀਨਸ/ਟ੍ਰਿਨੀਦਾਦ ਅਤੇ ਟੋਬੈਗੋ ਤੋਂ:**
1- 416-351-0613 (ਕਾਲ ਕਲੈਕਟ)।

# ਐਪਲੀਕੇਸ਼ਨ ਨੂੰ ਪੂਰਾ ਕਰਨਾ - ਮੁੱਖ ਪੜਾਅ

## 1 ਅਰਜ਼ੀ ਫਾਰਮ ਲਈ ਬੇਨਤੀ ਕਰਨਾ:

**TD ਅੰਤਰਰਾਸ਼ਟਰੀ ਵਿਦਿਆਰਥੀ GIC ਪ੍ਰੋਗਰਾਮ** ਵਿੱਚ ਹਿੱਸਾ ਲੈਣ ਵਾਲੇ ਅਰਜ਼ੀ ਫਾਰਮ ਦੀ ਬੇਨਤੀ ਕਰਨ ਲਈ ਤੁਸੀਂ<<LINK>> ਨੂੰ ਭਰ ਕਰ ਸਕਦੇ ਹੋ। ਇਹ **TD ਵਿਦਿਆਰਥੀ ਚੈਕਿੰਗ ਖਾਤਾ** ਖੋਲ੍ਹਣ ਲਈ ਜਰੂਰੀ ਹੈ ਜਿਸ ਨੂੰ **ਕੈਨੇਡਾ ਸਰਕਾਰ ਦੇ SDS ਪ੍ਰੋਗਰਾਮ** ਰਾਹੀਂ ਤੁਹਾਡੀ ਸਟੱਡੀ ਪਰਮਿਟ ਅਰਜ਼ੀ ਲਈ ਲੋੜੀਂਦਾ **TD ਅੰਤਰਰਾਸ਼ਟਰੀ ਵਿਦਿਆਰਥੀ** GIC ਖਰੀਦਣ ਲਈ ਵਰਤਿਆ ਜਾਏਗਾ।

## 2 ਆਪਣੀ ਅਰਜ਼ੀ ਜਮ੍ਹਾਂ ਕਰਨਾ:

ਤੁਹਾਡੀ ਬੇਨਤੀ ਮਿਲਣ 'ਤੇ, ਅਸੀਂ ਤੁਹਾਨੂੰ **TD ਈ-ਸਿਗਨੇਚਰ ਆਨਲਾਈਨ ਪੋਰਟਲ** ਦਾ ਲਿੰਕ ਈਮੇਲ ਕਰਾਂਗੇ। ਆਪਣੇ ਜੰਕ/ਸਪੈਮ ਮੇਲ ਫੋਲਡਰ ਦੀ ਜਾਂਚ ਕਰਨਾ ਯਕੀਨੀ ਬਣਾਓ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਕਿਤੇ ਇਸ ਈਮੇਲ ਨੂੰ ਜੰਕ/ਸਪੈਮ ਮੇਲ ਦੇ ਤੌਰ 'ਤੇ ਫਲੈਗ ਤਾਂ ਨਹੀਂ ਕੀਤਾ ਗਿਆ ਹੈ। **TD** ਦੀ ਈਮੇਲ **TD.eSignNoReplyAccount@td.com** ਤੋਂ ਆਏਗੀ।

ਅਰਜ਼ੀ ਫਾਰਮ ਅਤੇ ਸੰਬੰਧਿਤ ਦਸਤਾਵੇਜ਼ਾਂ ਦੀ ਸਮੀਖਿਆ ਕਰੋ, ਫਿਰ ਲੋੜੀਂਦੇ ਦਸਤਾਵੇਜ਼ਾਂ ਨੂੰ ਭਰੋ ਅਤੇ ਇਲੈਕਟ੍ਰੌਨਿਕ ਤੌਰ 'ਤੇ ਦਸਤਖਤ ਕਰੋ। ਜਦੋਂ ਤੁਸੀਂ ਆਪਣੀ ਭਰੀ ਹੋਈ ਅਰਜ਼ੀ ਅਤੇ ਸੰਬੰਧਿਤ ਦਸਤਾਵੇਜ਼ ਆਨਲਾਈਨ ਜਮ੍ਹਾਂ ਕਰ ਦਿੰਦੇ ਹੋ, ਅਤੇ ਉਹ ਪੂਰੇ ਅਤੇ ਸਹੀ ਹਨ, ਤਾਂ ਅਸੀਂ ਤੁਹਾਡੀ ਅਰਜ਼ੀ 'ਤੇ ਪ੍ਰਕਿਰਿਆ ਕਰਾਂਗੇ ਅਤੇ ਤੁਹਾਨੂੰ ਸੁਰੱਖਿਅਤ ਈਮੇਲ ਦੁਆਰਾ **2 ਤੋਂ 5 ਵਪਾਰਕ ਦਿਨਾਂ** ਦੇ ਅੰਦਰ ਤੁਹਾਡੇ ਖਾਤੇ ਦੇ ਵੇਰਵਿਆਂ ਅਤੇ **TD ਪ੍ਰੂਫ਼ ਆਫ਼ ਇਨਰੋਲਮੈਂਟ ਪੋਰਟਲ** ਲਈ ਲਿੰਕ ਦੇ ਨਾਲ ਇੱਕ **ਵੈਲਕਮ ਪੈਕੇਜ** ਭੇਜਾਂਗੇ।

**TD ਈ-ਸਿਗਨੇਚਰ:**

TD ਈ-ਸਿਗਨੇਚਰ ਨਾਲ ਅਸੀਂ ਸੁਰੱਖਿਅਤ ਆਨਲਾਈਨ ਪੋਰਟਲ ਰਾਹੀਂ ਲੋੜੀਂਦੇ ਪ੍ਰੋਗਰਾਮ ਦਸਤਾਵੇਜ਼ ਤੁਹਾਡੀ ਸਮੀਖਿਆ ਲਈ ਤੁਹਾਨੂੰ ਭੇਜ ਸਕਦੇ ਹਾਂ ਅਤੇ ਤੁਸੀਂ ਉਹਨਾਂ 'ਤੇ ਡਿਜੀਟਲ ਤੌਰ 'ਤੇ ਦਸਤਖਤ ਕਰ ਸਕਦੇ ਹੋ। ਤੁਹਾਡੇ ਮੋਬਾਈਲ ਫੋਨ 'ਤੇ ਪ੍ਰਾਪਤ ਇੱਕ ਵਾਰ ਲਈ ਵਰਤਿਆ ਜਾਣ ਵਾਲਾ ਪਾਸਕੋਡ ਦਰਜ ਕਰਕੇ ਤੁਹਾਨੂੰ TD ਈ-ਸਿਗਨੇਚਰ ਲਈ ਪ੍ਰਮਾਣਿਤ ਕੀਤਾ ਜਾਵੇਗਾ। ਤੁਸੀਂ ਦਸਤਾਵੇਜ਼ਾਂ ਨੂੰ ਦੇਖ ਸਕਦੇ ਹੋ ਅਤੇ ਸਹੂਲਤ ਅਤੇ ਆਸਾਨੀ ਨਾਲ ਦਸਤਾਵੇਜ਼ਾਂ 'ਤੇ ਆਪਣੇ ਦਸਤਖਤ ਕਰ ਸਕਦੇ ਹੋ। ਤੁਸੀਂ ਅਸਾਨੀ ਨਾਲ ਆਪਣੇ ਦਸਤਖਤ ਕੀਤੇ ਦਸਤਾਵੇਜ਼ਾਂ ਨੂੰ ਮੁੜ ਪ੍ਰਾਪਤ ਕਰ ਸਕਦੇ ਹੋ, ਤੁਹਾਡੀ ਜਾਣਕਾਰੀ ਹਮੇਸ਼ਾਂ ਸੁਰੱਖਿਅਤ ਰਹਿੰਦੀ ਹੈ।

ਸਿਸਟਮ ਪ੍ਰਤੀ ਲੋੜਾਂ:

- ਈਮੇਲ ਪਤਾ ਅਤੇ ਮੋਬਾਈਲ ਫੋਨ
- ਇੰਟਰਨੈੱਟ ਬ੍ਰਾਊਜ਼ਰ ਤੱਕ ਪਹੁੰਚ – Internet Explorer (9,10,11), Edge, Chrome, Firefox, Safari
- ਕਾਰਜਸ਼ੀਲ ਮੋਬਾਈਲ ਡਿਵਾਈਸ ਜੋ ਕਿ SMS ਰਾਹੀਂ ਟੈਕਸਟ ਸੁਨੇਹੇ ਪ੍ਰਾਪਤ ਕਰ ਸਕਦਾ ਹੈ (ਕਿਰਪਾ ਕਰਕੇ ਯਾਦ ਰੱਖੋ ਕਿ ਟੈਕਸਟ ਸੁਨੇਹਿਆਂ ਲਈ ਮਿਆਰੀ ਵਾਇਰਲੈਸ ਕੈਰੀਅਰ ਸੁਨੇਹਾ ਅਤੇ ਡੇਟਾ ਰੇਟ ਲਾਗੂ ਹੋ ਸਕਦੇ ਹਨ।)

**TD ਸੁਰੱਖਿਅਤ ਈਮੇਲ ਸੇਵਾ**
ਤੁਸੀਂ ਆਪਣੇ ਖਾਤੇ ਦੇ ਵੇਰਵੇ ਅਤੇ ਅੰਤਰਰਾਸ਼ਟਰੀ ਵਾਇਰ ਟ੍ਰਾਂਸਫਰ ਹਿਦਾਇਤਾਂ TD ਸੁਰੱਖਿਅਤ ਈਮੇਲ ਸੇਵਾ ਦੁਆਰਾ ਪ੍ਰਾਪਤ ਕਰੋਗੇ।

TD ਸੁਰੱਖਿਅਤ ਈਮੇਲ ਸੇਵਾ ਤੱਕ ਪਹੁੰਚ ਕਰਨ ਲਈ ਈਮੇਲ ਵਿੱਚ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ।

- ਉਸੇ ਈਮੇਲ ਪਤੇ ਨਾਲ ਰਜਿਸਟਰ ਕਰੋ ਜੋ ਤੁਸੀਂ ਆਪਣੇ TD ਅੰਤਰਰਾਸ਼ਟਰੀ ਵਿਦਿਆਰਥੀ GIC ਪ੍ਰੋਗਰਾਮ ਦੀ ਅਰਜ਼ੀ 'ਤੇ ਦਿੱਤਾ ਹੈ।
- ਇਹ ਸੇਵਾ ਇਹ ਪੱਕਾ ਕਰਦੀ ਹੈ ਕਿ, ਤੁਹਾਡੀ ਨਿੱਜੀ ਜਾਣਕਾਰੀ ਸਮੇਤ, TD ਅਤੇ ਤੁਹਾਡੇ ਵਿਚਕਾਰ ਸਾਰੇ ਸੰਚਾਰ ਸੁਰੱਖਿਅਤ ਹਨ।

**ਵਿਦਿਆਰਥੀ ਦੇ ਦਾਖਲੇ ਦਾ ਸਬੂਤ**
ਖਾਤੇ ਦੇ ਵੇਰਵੇ ਨੂੰ ਪ੍ਰਾਪਤ ਕਰਨ ਤੋਂ ਬਾਅਦ, ਤੁਹਾਨੂੰ TD ਪ੍ਰੂਫ਼ ਆਫ਼ ਇਨਰੋਲਮੈਂਟ ਪੋਰਟਲ ਰਾਹੀਂ ਕੈਨੇਡਾ ਵਿੱਚ ਕਿਸੇ ਮਨੋਨੀਤ ਪੋਸਟ-ਸੈਕੰਡਰੀ ਵਿਦਿਅਕ ਸੰਸਥਾ ਤੋਂ ਆਪਣਾ ਸਵੀਕ੍ਰਿਤੀ ਪੱਤਰ ਅੱਪਲੋਡ ਕਰਨਾ ਪਵੇਗਾ।

**ਆਪਣਾ ਸਵੀਕ੍ਰਿਤੀ ਪੱਤਰ ਅੱਪਲੋਡ ਕਰਨ ਲਈ customercollaboration.TD.com/student 'ਤੇ ਜਾਓ**

## 3 ਖਾਤਾ ਖੋਲ੍ਹਣਾ:

ਜਦੋਂ ਸਾਡੀ **TD ਅੰਤਰਰਾਸ਼ਟਰੀ ਵਿਦਿਆਰਥੀ GIC ਪ੍ਰੋਗਰਾਮ** ਦੀ ਟੀਮ ਤੁਹਾਡੇ ਵੱਲੋਂ ਭਰੇ ਅਰਜ਼ੀ ਫਾਰਮ ਅਤੇ ਲੋੜੀਂਦੇ ਦਸਤਾਵੇਜ਼ਾਂ ਨੂੰ ਪ੍ਰਾਪਤ ਕਰਕੇ ਤਸਦੀਕ ਕਰ ਦਿੰਦੀ ਹੈ, ਤਾਂ ਤੁਹਾਡਾ **TD ਵਿਦਿਆਰਥੀ ਚੈਕਿੰਗ ਖਾਤਾ** ਖੋਲ੍ਹਿਆ ਜਾਵੇਗਾ। GIC ਖਰੀਦਣ ਲਈ ਫੰਡ ਵਾਇਰ ਕਰਨ ਦੇ ਤਰੀਕੇ ਬਾਰੇ ਵਿਸਤਾਰ ਵਿੱਚ ਦਿੱਤੀਆਂ ਹਿਦਾਇਤਾਂ ਨਾਲ **TD ਸੁਰੱਖਿਅਤ ਈਮੇਲ ਪਲੇਟਫਾਰਮ** ਦੁਆਰਾ ਤੁਹਾਨੂੰ ਪੁਸ਼ਟੀਕਰਣ ਈਮੇਲ ਭੇਜੀ ਜਾਵੇਗੀ।

**ਧਿਆਨ ਦਿਓ**: ਤੁਹਾਨੂੰ ਸਾਡੇ ਵੱਲੋਂ ਆਪਣਾ ਪਹਿਲਾ TD ਸੁਰੱਖਿਅਤ ਈਮੇਲ ਸੁਨੇਹਾ ਮਿਲਣ 'ਤੇ ਸੁਰੱਖਿਅਤ ਈਮੇਲ ਸੇਵਾ ਲਈ ਰਜਿਸਟਰ ਕਰਨਾ ਪਵੇਗਾ। ਇਹ ਸੁਨੇਹਾ ਸਿਰਫ 14 ਕੈਲੰਡਰ ਦਿਨਾਂ ਲਈ ਵੈਧ ਹੋਵੇਗਾ।

## 4 ਫੰਡ ਟ੍ਰਾਂਸਫਰ ਕਰਨਾ:

ਆਪਣੇ ਦੇਸ਼ ਦੇ ਵਿੱਤੀ ਸੰਸਥਾਨ ਤੋਂ ਘੱਟੋ-ਘੱਟ **CAD $10,000** ਅਤੇ **CAD $25,000** ਤੱਕ ਦਾ ਅੰਤਰਰਾਸ਼ਟਰੀ ਵਾਇਰ ਟ੍ਰਾਂਸਫਰ ਕੈਨੇਡਾ ਵਿੱਚ ਆਪਣੇ **TD ਵਿਦਿਆਰਥੀ ਚੈਕਿੰਗ ਖਾਤੇ** ਵਿੱਚ ਭੇਜੋ।

## 5 GIC ਖਰੀਦਣਾ:

ਜਦੋਂ TD ਨੂੰ ਤੁਹਾਡਾ ਅੰਤਰਰਾਸ਼ਟਰੀ ਵਾਇਰ ਟ੍ਰਾਂਸਫਰ ਪ੍ਰਾਪਤ ਹੋ ਜਾਂਦਾ ਹੈ, ਤਾਂ **TD ਅੰਤਰਰਾਸ਼ਟਰੀ ਵਿਦਿਆਰਥੀ GIC** ਵਿੱਚ **CAD $10,000** ਦਾ ਨਿਵੇਸ਼ ਕੀਤਾ ਜਾਂਦਾ ਹੈ। **CAD $10,000** ਤੋਂ ਉਪਰ ਦੀ ਕੋਈ ਵੀ ਰਕਮ ਤੁਹਾਡੇ **TD ਵਿਦਿਆਰਥੀ ਚੈਕਿੰਗ ਖਾਤੇ** ਵਿੱਚ ਰਹੇਗੀ। GIC ਨਿਵੇਸ਼ ਦੇ ਵੇਰਵੇ ਦਸਤਾਵੇਜ਼ ਵਿੱਚ ਦੱਸੇ ਅਨੁਸਾਰ GIC ਖਰੀਦ ਲਈ ਤੁਹਾਡੀ ਸਹਿਮਤੀ ਤੋਂ ਬਾਅਦ, **TD ਅੰਤਰਰਾਸ਼ਟਰੀ ਵਿਦਿਆਰਥੀ GIC** ਜਾਰੀ ਕੀਤਾ ਜਾਵੇਗਾ। ਇਸ ਤੋਂ ਬਾਅਦ, ਤੁਹਾਨੂੰ ਸੁਰੱਖਿਅਤ ਈਮੇਲ ਦੁਆਰਾ **ਨਿਵੇਸ਼ ਦਸਤਾਵੇਜ਼ ਦੀ ਪੁਸ਼ਟੀ**, GIC ਦੇ ਵੇਰਵੇ ਦੀ ਰੂਪ ਰੇਖਾ ਪ੍ਰਾਪਤ ਹੋਵੇਗੀ, ਜਿਸ ਵਿੱਚ ਮੂਲ ਰਕਮ **(CAD $10,000)**, ਵਿਆਜ ਦੀ ਦਰ, ਜਾਰੀ ਕਰਨ ਦੀ ਤਾਰੀਖ, ਮਿਆਦ ਅਤੇ ਮਿਆਦ ਪੂਰੀ ਹੋਣ ਦੀ ਤਾਰੀਖ ਸ਼ਾਮਲ ਹੋਵੇਗੀ।

ਫਿਰ ਤੁਸੀਂ ਕਿਸੇ ਹੋਰ ਲੋੜੀਂਦੇ ਦਸਤਾਵੇਜ਼ਾਂ ਦੇ ਨਾਲ, ਆਪਣੇ **ਨਿਵੇਸ਼ ਦੀ ਪੁਸ਼ਟੀ** ਨੂੰ **ਕੈਨੇਡਾ ਸਰਕਾਰ ਦੇ ਸਟੂਡੰਟ ਡਾਇਰੈਕਟ ਸਟ੍ਰੀਮ ਪ੍ਰੋਗਰਾਮ (SDS)** ਦੇ ਅਧੀਨ ਆਪਣੇ ਕੈਨੇਡੀਅਨ ਸਟੱਡੀ ਪਰਮਿਟ ਲਈ ਅਰਜ਼ੀ ਦੇਣ ਲਈ ਵਰਤ ਸਕਦੇ ਹੋ।

**ਧਿਆਨ ਦਿਓ: ਨਿਵੇਸ਼ ਦਾ ਪੁਸ਼ਟੀਕਰਣ** ਜਾਰੀ ਕਰਨ ਤੋਂ ਪਹਿਲਾਂ ਦਸਤਖਤ ਕੀਤੇ GIC ਨਿਵੇਸ਼ ਵੇਰਵੇ ਫਾਰਮ ਦੀ ਲੋੜ ਹੁੰਦੀ ਹੈ।

**ਧਿਆਨ ਦਿਓ:** ਜੇ ਸਹਿਮਤੀ ਕੈਨੇਡਾ ਵਿੱਚ ਇੱਕ ਗੈਰ-ਕਾਰੋਬਾਰੀ ਦਿਨ ਨੂੰ ਪ੍ਰਾਪਤ ਹੁੰਦੀ ਹੈ, ਤਾਂ **TD ਅੰਤਰਰਾਸ਼ਟਰੀ ਵਿਦਿਆਰਥੀ GIC** ਅਗਲੇ ਕਾਰੋਬਾਰੀ ਦਿਨ ਜਾਰੀ ਕੀਤਾ ਜਾਵੇਗਾ।

## 6 ਪਹੁੰਚਣ ਤੋਂ ਬਾਅਦ ਖਾਤਾ ਐਕਟੀਵੇਟ ਕਰਨਾ ਅਤੇ GIC ਭੁਗਤਾਨ

ਕੈਨੇਡਾ ਪਹੁੰਚਣ 'ਤੇ, ਲਾਜ਼ਮੀ ਪਛਾਣ ਤਸਦੀਕ ਨੂੰ ਪੂਰਾ ਕਰਨ ਲਈ, ਆਪਣੇ ਚੈਕਿੰਗ ਖਾਤੇ ਅਤੇ GIC ਨੂੰ ਐਕਟੀਵੇਟ ਕਰਨ ਲਈ ਅਤੇ ਲੋੜੀਂਦੇ ਦਸਤਾਵੇਜ਼ਾਂ 'ਤੇ ਦਸਤਖਤ ਕਰਨ ਲਈ, ਕਿਸੇ **TD ਕੈਨੇਡਾ ਟਰੱਸਟ ਦੀ ਬ੍ਰਾਂਚ** ਵਿਖੇ ਅਪਾਇੰਟਮੈਂਟ ਬੁੱਕ ਕਰੋ।

ਤੁਹਾਨੂੰ ਆਪਣੀ ਅਪਾਇੰਟਮੈਂਟ ਲਈ ਆਪਣਾ **ਪਾਸਪੋਰਟ, ਮਨੋਨੀਤ ਪੋਸਟ-ਸੈਕੰਡਰੀ ਵਿਦਿਅਕ ਸੰਸਥਾ** ਤੋਂ ਦਾਖਲੇ ਦਾ ਪ੍ਰਮਾਣ (ਜਾਂ ਵਿਦਿਆਰਥੀ ਆਈਡੀ ਕਾਰਡ) ਅਤੇ **ਕੈਨੇਡਾ ਸਰਕਾਰ ਤੋਂ ਸਟੱਡੀ ਪਰਮਿਟ** ਨਾਲ ਲਿਆਉਣਾ ਪਵੇਗਾ। ਕਿਊਬੈਕ ਸੂਬੇ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ, ਉੱਪਰ ਦੱਸੇ ਗਏ ਦਸਤਾਵੇਜ਼ਾਂ ਤੋਂ ਇਲਾਵਾ **ਕਿਊਬੈਕ ਸਵੀਕ੍ਰਿਤੀ ਸਰਟੀਫਿਕੇਟ (CAQ)** ਦੀ ਵੀ ਲੋੜ ਹੁੰਦੀ ਹੈ। ਜੇ ਤੁਹਾਡੇ ਕੋਲ **ਟੈਕਸਪੇਅਰ ਪਛਾਣ ਨੰਬਰ (TIN)** ਹੈ ਅਤੇ ਇਹ ਪਹਿਲਾਂ ਨਹੀਂ ਦਿੱਤਾ ਗਿਆ, ਤਾਂ ਤੁਹਾਨੂੰ ਆਪਣੀ ਮੁਲਾਕਾਤ ਦੇ ਦੌਰਾਨ ਇਹ ਨੰਬਰ ਜ਼ਰੂਰ ਦੇਣਾ ਚਾਹੀਦਾ ਹੈ।

**ਵਿਦਿਆਰਥੀ ਦੇ ਦਾਖਲੇ ਦਾ ਸਬੂਤ**
ਆਪਣੇ ਖਾਤੇ ਨੂੰ ਐਕਟੀਵੇਟ ਕਰਨ ਤੋਂ ਬਾਅਦ, ਤੁਹਾਨੂੰ TD ਪ੍ਰੂਫ਼ ਆਫ਼ ਇਨਰੋਲਮੈਂਟ ਪੋਰਟਲ ਰਾਹੀਂ ਕੈਨੇਡਾ ਵਿੱਚ ਕਿਸੇ ਮਨੋਨੀਤ ਪੋਸਟ-ਸੈਕੰਡਰੀ ਵਿਦਿਅਕ ਸੰਸਥਾ ਵਿੱਚ ਦਾਖਲੇ ਦਾ ਪ੍ਰਮਾਣ ਅੱਪਲੋਡ ਕਰਨਾ ਪਵੇਗਾ।

## ਆਪਣਾ ਦਾਖਲੇ ਦਾ ਪ੍ਰਮਾਣ ਅੱਪਲੋਡ ਕਰਨ ਲਈ customercollaboration.TD.com/student 'ਤੇ ਜਾਓ ਜਾਂ 758614 'ਤੇ STUDENT ਲਿਖ ਕੇ ਟੈਕਸਟ ਸੁਨੇਹਾ ਭੇਜੋ।

ਦਾਖਲੇ ਦੇ ਸਵੀਕਾਰਯੋਗ ਪ੍ਰਮਾਣ ਵਿੱਚ ਹੇਠ ਲਿਖਿਆਂ ਵਿੱਚੋਂ ਇੱਕ ਸ਼ਾਮਲ ਹੋ ਸਕਦਾ ਹੈ:

- ਪੜ੍ਹਾਈ ਦੀ ਮੌਜੂਦਾ ਮਿਆਦ ਲਈ ਸਕੂਲ ਤੋਂ ਟਿਊਸ਼ਨ ਇਨਵੌਇਸ ਜਾਂ ਖਾਤੇ ਦੀ ਸਟੇਟਮੈਂਟ
- ਵਿਸਤਾਰ ਵਿੱਚ ਸਮਾਂ-ਸਾਰਣੀ (ਮੌਜੂਦਾ ਜਾਂ ਆਉਣ ਵਾਲੀ ਪੜ੍ਹਾਈ ਦੀ ਮਿਆਦ)
- ਦਾਖਲੇ ਦੀ ਪੁਸ਼ਟੀ ਕਰਨ ਵਾਲਾ ਰਜਿਸਟਰਾਰ ਦੇ ਦਫਤਰ ਤੋਂ ਪੱਤਰ

ਉਪਰੋਕਤ ਪੜਾਵਾਂ ਦੇ ਪੂਰਾ ਹੋਣ ਤੋਂ ਬਾਅਦ, **CAD $2,000** ਦੀ ਸ਼ੁਰੂਆਤੀ ਰਕਮ, ਅਤੇ ਤੁਹਾਡੇ GIC ਨਿਵੇਸ਼ ਤੋਂ ਪ੍ਰਾਪਤ ਕੀਤਾ ਵਿਆਜ ਤੁਹਾਡੇ **TD ਵਿਦਿਆਰਥੀ ਚੈਕਿੰਗ ਅਕਾਉਂਟ** ਵਿੱਚ ਅਦਾ ਕੀਤਾ ਜਾਵੇਗਾ। **CAD $8,000** ਦੀ ਬਾਕੀ ਮੂਲ ਰਕਮ ਨੂੰ ਪ੍ਰਾਪਤ ਕੀਤੇ ਵਿਆਜ ਦੇ ਨਾਲ **10 ਬਰਾਬਰ ਮਹੀਨਾਵਾਰ ਕਿਸ਼ਤਾਂ** ਵਿੱਚ ਤੁਹਾਡੇ **TD ਵਿਦਿਆਰਥੀ ਚੈਕਿੰਗ ਖਾਤੇ** ਵਿੱਚ ਅਦਾ ਕਰ ਦਿੱਤਾ ਜਾਵੇਗਾ।



# ਅਕਸਰ ਪੁੱਛੇ ਜਾਣ ਵਾਲੇ ਸਵਾਲ

## ਅਰਜ਼ੀ

**ਸਵਾਲ: ਕੀ ਮੈਂ ਇੱਕ ਸਾਂਝਾ TD ਵਿਦਿਆਰਥੀ ਚੈਕਿੰਗ ਖਾਤਾ ਖੋਲ੍ਹ ਸਕਦਾ/ਸਕਦੀ ਹਾਂ?**

**ਜਵਾਬ:** ਨਹੀਂ। **TD ਅੰਤਰਰਾਸ਼ਟਰੀ ਵਿਦਿਆਰਥੀ GIC ਪ੍ਰੋਗਰਾਮ** ਦੇ ਤਹਿਤ, ਚੈਕਿੰਗ ਖਾਤਾ ਸਿਰਫ ਉਸ ਬਿਨੈਕਾਰ ਦੇ ਨਾਮ 'ਤੇ ਹੀ ਖੋਲ੍ਹਿਆ ਜਾ ਸਕਦਾ ਹੈ ਜੋ **ਸਟੂਡੈਂਟ ਡਾਇਰੈਕਟ ਸਟ੍ਰੀਮ ਪ੍ਰੋਗਰਾਮ** ਅਧੀਨ ਸਟੱਡੀ ਪਰਮਿਟ ਲਈ ਅਰਜ਼ੀ ਦੇ ਰਿਹਾ/ਰਹੀ ਹੈ।
**ਸਵਾਲ: 24 ਘੰਟੇ ਤੋਂ ਵੱਧ ਸਮਾਂ ਹੋ ਗਿਆ ਹੈ, ਅਤੇ ਮੈਨੂੰ ਜਮ੍ਹਾਂ ਕੀਤੇ ਆਪਣੇ ਅਸਲ ਅਰਜ਼ੀ ਫਾਰਮ ਦਾ ਜਵਾਬ ਨਹੀਂ ਮਿਲਿਆ। ਮੈਂ ਆਪਣੀ ਅਰਜ਼ੀ ਦੇ ਸੰਬੰਧ ਵਿੱਚ ਫਾਲੋ-ਅੱਪ ਕਿਵੇਂ ਕਰਾਂ?**

**ਸਵਾਲ: 24 ਘੰਟੇ ਤੋਂ ਵੱਧ ਸਮਾਂ ਹੋ ਗਿਆ ਹੈ, ਅਤੇ ਮੈਨੂੰ ਜਮ੍ਹਾਂ ਕੀਤੇ ਆਪਣੇ ਅਸਲ ਅਰਜ਼ੀ ਫਾਰਮ ਦਾ ਜਵਾਬ ਨਹੀਂ ਮਿਲਿਆ। ਮੈਂ ਆਪਣੀ ਅਰਜ਼ੀ ਦੇ ਸੰਬੰਧ ਵਿੱਚ ਫਾਲੋ-ਅੱਪ ਕਿਵੇਂ ਕਰਾਂ?**

**ਜਵਾਬ:** ਪਹਿਲਾਂ, ਕਿਰਪਾ ਕਰਕੇ ਇਹ ਪੱਕਾ ਕਰਨ ਲਈ ਆਪਣੇ ਜੰਕ/ਸਪੈਮ ਮੇਲ ਫੋਲਡਰ ਦੀ ਜਾਂਚ ਕਰੋ ਕਿ ਕਿਤੇ ਇਸ ਈਮੇਲ ਨੂੰ ਜੰਕ/ਸਪੈਮ ਮੇਲ ਦੇ ਤੌਰ 'ਤੇ ਫਲੈਗ ਤਾਂ ਨਹੀਂ ਕੀਤਾ ਗਿਆ ਹੈ। TD ਦੀ ਈਮੇਲ TD.eSignNoReplyAccount@td.com ਤੋਂ ਆਏਗੀ।

### ਜੇ ਤੁਹਾਨੂੰ ਹਾਲੇ ਵੀ ਕੋਈ ਈਮੇਲ ਪ੍ਰਾਪਤ ਨਹੀਂ ਹੋਈ ਹੈ, ਤਾਂ ਕਿਰਪਾ ਕਰਕੇ ਹੇਠਾਂ ਸੂਚੀਬੱਧ ਸਾਡੇ ਟੋਲ-ਫ੍ਰੀ ਨੰਬਰ 'ਤੇ ਕਾਲ ਕਰੋ:

**ਚੀਨ ਤੋਂ:** 1-855-537-5355
**ਭਾਰਤ/ਫਿਲੀਪੀਨਜ਼/ਸੇਨੇਗਲ/ਪਾਕਿਸਤਾਨ/ਮੋਰੋਕੋ/ਵੀਅਤਨਾਮ/ਐਂਟੀਗੁਆ ਅਤੇ ਬਾਰਬੁਡਾ/ਬ੍ਰਾਜ਼ੀਲ/ਕੋਲੰਬੀਆ, ਕੋਸਟਾਰਿਕਾ/ਪੇਰੂ/ਸੈਂਟ ਵਿਨਸੈਂਟ ਐਂਡ ਗ੍ਰੇਨਾਡੀਨਸ/ਤ੍ਰਿਨੀਦਾਦ ਅਤੇ ਟੋਬੈਗੋ ਤੋਂ:**
1-416-351-0613 (ਕਾਲ ਕਲੈਕਟ)।

**ਸਵਾਲ: ਮੈਨੂੰ TD ਈ-ਸਿਗਨੇਚਰ ਰਾਹੀਂ ਮੇਰਾ ਅਰਜ਼ੀ ਫਾਰਮ ਪ੍ਰਾਪਤ ਨਹੀਂ ਹੋਇਆ। ਕੀ ਮੈਂ ਦੁਬਾਰਾ ਅਰਜ਼ੀ ਦੇ ਸਕਦਾ/ਸਕਦੀ ਹਾਂ?**

**ਜਵਾਬ:** ਪਹਿਲਾਂ, ਕਿਰਪਾ ਕਰਕੇ ਇਹ ਪੱਕਾ ਕਰਨ ਲਈ ਆਪਣੇ ਜੰਕ/ਸਪੈਮ ਮੇਲ ਫੋਲਡਰ ਦੀ ਜਾਂਚ ਕਰੋ ਕਿ ਕਿਤੇ ਇਸ ਈਮੇਲ ਨੂੰ ਜੰਕ/ਸਪੈਮ ਮੇਲ ਦੇ ਤੌਰ 'ਤੇ ਫਲੈਗ ਤਾਂ ਨਹੀਂ ਕੀਤਾ ਗਿਆ ਹੈ।

ਦੂਜਾ, ਕਿਰਪਾ ਕਰਕੇ ਇਹ ਪੱਕਾ ਕਰੋ ਕਿ TD ਨੂੰ ਦਿੱਤਾ ਗਿਆ ਈਮੇਲ ਪਤਾ ਵੈਧ ਈਮੇਲ ਪਤਾ ਹੈ ਅਤੇ ਉਸ ਨੂੰ ਤੁਸੀਂ ਇਸ ਸਮੇਂ ਸਾਰੇ ਸੰਚਾਰਾਂ ਲਈ ਵਰਤ ਰਹੇ ਹੋ। ਜੇ ਤੁਸੀਂ ਗਲਤ ਈਮੇਲ ਪਤਾ ਦਿੱਤਾ ਹੈ, ਤਾਂ ਕਿਰਪਾ ਕਰਕੇ <<LINK>> ਰਾਹੀਂ ਅਰਜ਼ੀ ਫਾਰਮ ਲਈ ਦੁਬਾਰਾ ਬੇਨਤੀ ਕਰੋ

**ਸਵਾਲ:** **TD ਈ-ਸਿਗਨੇਚਰ ਵਿੱਚ ਲੌਗਇਨ ਕਰਨ ਲਈ ਮੈਨੂੰ SMS ਟੈਕਸਟ ਸੁਨੇਹਾ ਨਹੀਂ ਮਿਲਿਆ। ਮੈਂ ਸੁਨੇਹਾ ਦੁਬਾਰਾ ਪ੍ਰਾਪਤ ਕਿਵੇਂ ਕਰਾਂ?**

**ਜਵਾਬ:** ਜਦੋਂ ਤੁਸੀਂ ਈਮੇਲ ਵਿੱਚ "ਦਸਤਾਵੇਜ਼ਾਂ 'ਤੇ ਜਾਓ" 'ਤੇ ਕਲਿੱਕ ਕਰਦੇ ਹੋ, ਤਾਂ ਤੁਹਾਨੂੰ ਇੱਕ SMS ਮਿਲਣਾ ਚਾਹੀਦਾ ਹੈ ਜੋ ਸਿਰਫ 5 ਮਿੰਟਾਂ ਲਈ ਵੈਧ ਹੁੰਦਾ ਹੈ। ਜੇ ਤੁਹਾਨੂੰ SMS ਨਹੀਂ ਮਿਲਿਆ ਹੈ, ਤਾਂ ਟੈਕਸਟ ਸੁਨੇਹਾ ਦੁਬਾਰਾ ਪ੍ਰਾਪਤ ਕਰਨ ਲਈ **TD ਈ-ਸਿਗਨੇਚਰ ਲੌਗਇਨ ਪੇਜ** 'ਤੇ **"ਇੱਥੇ ਕਲਿੱਕ ਕਰੋ"** ਬਟਨ 'ਤੇ ਕਲਿੱਕ ਕਰੋ।




**ਸਵਾਲ:** **ਇੱਕ-ਵਾਰ ਲਈ ਵਰਤਿਆ ਜਾਣ ਵਾਲਾ ਪਾਸਕੋਡ (OTP) ਪ੍ਰਾਪਤ ਕਰਨ ਲਈ ਵੱਧ ਤੋਂ ਵੱਧ ਕਿੰਨੀਆਂ ਕੋਸ਼ਿਸ਼ਾਂ ਕੀਤੀਆਂ ਜਾ ਸਕਦੀਆਂ ਹਨ?**

**ਜਵਾਬ:** ਗਲਤ SMS ਪਾਸਵਰਡ ਨਾਲ **3 ਕੋਸ਼ਿਸ਼ਾਂ** ਤੋਂ ਬਾਅਦ ਤੁਹਾਡੇ ਅਰਜ਼ੀ ਫਾਰਮ ਅਤੇ ਸੰਬੰਧਿਤ ਦਸਤਾਵੇਜ਼ਾਂ ਤੱਕ ਪਹੁੰਚ ਨੂੰ ਲਾਕ ਕਰ ਦਿੱਤਾ ਜਾਵੇਗਾ। ਤੁਹਾਨੂੰ ਸਾਨੂੰ ਸੂਚਿਤ ਕਰਨ ਦੀ ਲੋੜ ਨਹੀਂ ਹੈ। ਤੁਹਾਡੀ ਪਹੁੰਚ ਦੇ ਲਾਕ ਹੋਣ ਤੋਂ ਬਾਅਦ ਸਾਨੂੰ ਇੱਕ ਸਵੈਚਲਿਤ ਸੁਨੇਹਾ ਮਿਲੇਗਾ। ਜਦੋਂ ਸਾਨੂੰ TD ਈ-ਸਿਗਨੇਚਰ ਸਿਸਟਮ ਤੋਂ ਇੱਕ ਸੂਚਨਾ ਮਿਲਦੀ ਹੈ ਕਿ ਤੁਹਾਡੀ ਪਹੁੰਚ ਨੂੰ ਲਾਕ ਕਰ ਦਿੱਤਾ ਗਿਆ ਹੈ, ਤਾਂ ਅਸੀਂ ਇਸਨੂੰ ਅਣਲਾਕ ਕਰ ਦੇਵਾਂਗੇ ਅਤੇ ਤੁਹਾਨੂੰ ਇੱਕ ਸੂਚਨਾ ਮਿਲੇਗੀ।

ਕਿਰਪਾ ਕਰਕੇ ਆਪਣੀ ਪਹੁੰਚ ਨੂੰ ਅਣਲਾਕ ਕਰਨ ਲਈ 24 - 48 ਘੰਟਿਆਂ ਦਾ ਸਮਾਂ ਦਿਓ।

**ਸਵਾਲ:** **ਮੈਨੂੰ TD ਕੈਨੇਡਾ ਟਰੱਸਟ ਟੈਕਸ ਰੈਜ਼ੀਡੈਂਸੀ ਸਵੈ-ਪ੍ਰਮਾਣੀਕਰਣ (TD Canada Trust Tax Residency Self-Certification) - ਵਿਅਕਤੀਗਤ 'ਤੇ ਆਪਣਾ ਟੈਕਸਪੇਅਰ ਪਛਾਣ ਨੰਬਰ (TIN) ਦੇਣ ਦੀ ਲੋੜ ਕਿਉਂ ਹੈ?**

**ਜਵਾਬ:** ਕੈਨੇਡਾ ਦੀ ਰੈਵੀਨਿਊ ਏਜੰਸੀ ਦੇ ਅਨੁਸਾਰ ਕੈਨੇਡਾ ਦੇ ਇਨਕਮ ਟੈਕਸ ਐਕਟ ਦੀ ਪਾਲਣਾ ਕਰਨ ਲਈ ਸਾਨੂੰ ਤੁਹਾਡੀ ਟੈਕਸ ਰੈਜ਼ੀਡੈਂਸੀ ਬਾਰੇ ਜਾਣਕਾਰੀ ਇਕੱਠੀ ਕਰਨ ਦੀ ਲੋੜ ਹੁੰਦੀ ਹੈ। ਜੇ ਤੁਹਾਡੇ ਕੋਲ **ਟੈਕਸਪੇਅਰ ਪਛਾਣ ਨੰਬਰ** (TIN) ਹੈ, ਤਾਂ ਇਹ ਲਾਜ਼ਮੀ ਹੈ ਕਿ ਜਦੋਂ ਤੁਸੀਂ ਅਰਜ਼ੀ ਫਾਰਮ ਜਮ੍ਹਾਂ ਕਰੋ ਤਾਂ ਤੁਸੀਂ ਇਹ ਨੰਬਰ ਦਿਓ ਜਾਂ **30 ਦਿਨਾਂ** ਦੇ ਅੰਦਰ ਇਹ ਪ੍ਰਦਾਨ ਕਰੋ। ਜੇ ਸਾਡੇ ਕੋਲ ਇਹ ਜਾਣਕਾਰੀ ਫਾਈਲ 'ਤੇ ਨਹੀਂ ਹੈ ਤਾਂ ਕੈਨੇਡਾ ਰੈਵੀਨਿਊ ਏਜੰਸੀ ਤੁਹਾਨੂੰ ਜੁਰਮਾਨਾ ਲਗਾ ਸਕਦੀ ਹੈ।

ਜੇ ਤੁਹਾਡੇ ਟੈਕਸ ਰੈਜ਼ੀਡੈਂਸੀ ਵਿੱਚ ਕੋਈ ਤਬਦੀਲੀ ਹੁੰਦੀ ਹੈ, ਤਾਂ ਕਿਰਪਾ ਕਰਕੇ ਕਿਸੇ ਵੀ ਤਬਦੀਲੀ ਬਾਰੇ ਸਾਨੂੰ **30 ਦਿਨਾਂ** ਦੇ ਅੰਦਰ ਹੇਠਾਂ ਦਿੱਤੇ ਟੋਲ-ਫ੍ਰੀ ਨੰਬਰਾਂ 'ਤੇ ਕਾਲ ਕਰਕੇ ਸੂਚਿਤ ਕਰੋ। ਜੇ ਸਾਨੂੰ ਵਧੇਰੇ ਜਾਣਕਾਰੀ ਦੀ ਲੋੜ ਹੋਵੇ, ਤਾਂ ਹੋ ਸਕਦਾ ਹੈ ਤੁਹਾਨੂੰ ਸਾਡੇ ਵੱਲੋਂ ਵਾਧੂ ਸੰਚਾਰ ਪ੍ਰਾਪਤ ਹੋਵੇ।



## ਤੁਹਾਡਾ TD GIC

**ਸਵਾਲ: ਕੀ ਮੈਨੂੰ CAD $10,000 ‘ਤੇ ਵਿਆਜ ਮਿਲੇਗਾ ਜੋ ਮੈਂ TD ਅੰਤਰਰਾਸ਼ਟਰੀ ਵਿਦਿਆਰਥੀ GIC ਵਿੱਚ ਨਿਵੇਸ਼ ਕੀਤਾ ਹੈ?**

**ਜਵਾਬ:** ਹਾਂ, ਤੁਹਾਨੂੰ ਤੁਹਾਡੇ ਨਿਵੇਸ਼ 'ਤੇ ਵਿਆਜ ਮਿਲੇਗਾ ਜਿਵੇਂ ਕਿ ਤੁਹਾਡੇ GIC **ਇਨਵੈਸਟਮੈਂਟ ਦੇ ਪੁਸ਼ਟੀਕਰਣ** ਦਸਤਾਵੇਜ਼ ਵਿੱਚ ਦੱਸਿਆ ਗਿਆ ਹੈ। GIC ਲਈ ਮੌਜੂਦਾ ਰੇਟ ਸਾਡੇ GIC ਵਿਆਜ ਦਰਾਂ ਪੰਨੇ ‘ਤੇ ਮਿਲ ਸਕਦਾ ਹੈ।

## ਵਾਇਰ ਲਈ ਹਿਦਾਇਤਾਂ

**ਸਵਾਲ: ਕੀ ਵਿਦਿਆਰਥੀ ਤੋਂ ਇਲਾਵਾ ਕਿਸੇ ਹੋਰ ਵੱਲੋਂ ਫੰਡ ਵਾਇਰ ਕੀਤੇ ਜਾ ਸਕਦੇ ਹਨ?**

**ਜਵਾਬ:** ਹਾਂ। ਫੰਡ ਵਿਦਿਆਰਥੀ ਦੁਆਰਾ ਆਪਣੇ ਦੇਸ਼ ਦੇ ਬੈਂਕ ਖਾਤੇ ਤੋਂ (ਜਾਂ ਆਪਣੇ ਦੇਸ਼ ਵਿੱਚ ਪਰਿਵਾਰ/ਦੋਸਤਾਂ ਦੇ ਖਾਤੇ ਤੋਂ) ਵਾਇਰ ਕੀਤੇ ਜਾ ਸਕਦੇ ਹਨ।

## ਕੈਨੇਡਾ ਵਿੱਚ ਆਗਮਨ ਨੂੰ ਮੁਲਤਵੀ ਕਰਨਾ ਅਤੇ/ਜਾਂ ਤੁਹਾਡੇ ਸਕੂਲ ਵਿੱਚ ਤਬਦੀਲੀਆਂ

**ਸਵਾਲ: ਮੈਂ ਆਪਣਾ ਦਾਖਲਾ ਮੁਲਤਵੀ ਕਰ ਦਿੱਤਾ ਹੈ ਜਾਂ ਆਪਣੀ ਵਿੱਦਿਅਕ ਸੰਸਥਾ ਬਦਲ ਦਿੱਤੀ ਹੈ। ਕੀ ਮੈਂ ਹਾਲੇ ਵੀ ਉਸੇ GIC ਨੂੰ ਆਪਣੇ ਸਟੱਡੀ ਪਰਮਿਟ ਲਈ ਅਰਜ਼ੀ ਦੇਣ ਵਾਸਤੇ ਵਰਤ ਸਕਦਾ/ਸਕਦੀ ਹਾਂ?**

**ਜਵਾਬ:** ਜੇ ਤੁਸੀਂ **TD ਕੈਨੇਡਾ ਟਰੱਸਟ** ਵਿੱਚ **TD ਸਟੂਡੈਂਟ ਚੈਕਿੰਗ ਖਾਤਾ** ਖੋਲ੍ਹਣ ਦੀ ਤਾਰੀਖ ਤੋਂ **365 ਕੈਲੰਡਰ ਦਿਨਾਂ** ਦੇ ਅੰਦਰ ਪਛਾਣ ਦੀ ਪ੍ਰਕਿਰਿਆ ਨੂੰ ਪੂਰਾ ਕਰ ਸਕਦੇ ਹੋ ਤਾਂ ਤੁਸੀਂ ਬਾਅਦ ਵਿੱਚ ਦਾਖਲੇ ਦੇ ਸਟੱਡੀ ਪਰਮਿਟ ਲਈ ਅਰਜ਼ੀ ਦੇਣ ਵਾਸਤੇ ਉਸੇ **TD ਅੰਤਰਰਾਸ਼ਟਰੀ ਵਿਦਿਆਰਥੀ GIC** ਦੀ ਵਰਤੋਂ ਕਰ ਸਕਦੇ ਹੋ। ਜੇ ਸਾਡੇ ਪ੍ਰੋਗਰਾਮਾਂ ਦੀਆਂ ਲੋੜਾਂ ਨੂੰ ਚੈਕਿੰਗ ਖਾਤਾ ਖੋਲ੍ਹਣ ਦੀ ਤਾਰੀਖ ਤੋਂ **365 ਕੈਲੰਡਰ ਦਿਨਾਂ** ਦੇ ਅੰਦਰ ਪੂਰਾ ਨਹੀਂ ਕੀਤਾ ਜਾਂਦਾ ਹੈ, ਤਾਂ **TD ਵਿਦਿਆਰਥੀ ਚੈਕਿੰਗ ਖਾਤਾ** ਅਤੇ **GIC ਖਾਤੇ**, ਦੋਵੇਂ ਬੰਦ ਹੋ ਜਾਣਗੇ ਅਤੇ ਫੰਡ ਉਸੇ ਖਾਤੇ ਵਿੱਚ ਵਾਪਸ ਕਰ ਦਿੱਤੇ ਜਾਣਗੇ, ਜਿਸ ਤੋਂ ਉਹ ਆਏ ਸਨ।

ਤੁਹਾਡੇ **TD ਵਿਦਿਆਰਥੀ ਚੈਕਿੰਗ ਖਾਤੇ** ਨੂੰ ਖੁੱਲ੍ਹਾ ਰੱਖਣ ਲਈ, ਖਾਤਾ ਖੋਲ੍ਹਣ ਦੀ ਤਾਰੀਖ ਤੋਂ 90 ਕੈਲੰਡਰ ਦਿਨਾਂ ਦੇ ਅੰਦਰ ਇੱਕ ਅੰਤਰਰਾਸ਼ਟਰੀ ਵਾਇਰ ਟ੍ਰਾਂਸਫਰ ਦੁਆਰਾ ਇਸ ਵਿੱਚ ਫੰਡ ਜਮ੍ਹਾਂ ਕੀਤੇ ਜਾਣੇ ਚਾਹੀਦੇ ਹਨ। ਜੇ 90 ਕੈਲੰਡਰ ਦਿਨਾਂ ਦੇ ਅੰਦਰ ਫੰਡ ਜਮ੍ਹਾਂ ਨਹੀਂ ਕੀਤੇ ਜਾਂਦੇ ਹਨ, ਤਾਂ ਖਾਤਾ ਆਪਣੇ ਆਪ ਬੰਦ ਹੋ ਜਾਵੇਗਾ।